# HIV ਨਾਲ ਜੀਵਨ ਬਸਰ ਕਰਨਾ:ਆਪਣੇ ਅਧਿਕਾਰਾਂ ਨੂੰ ਜਾਣੋ

Canadian HIV/AIDS Legal Network | Réseau juridique canadien VIH/sida

# ਇੱਕ ਮਰੀਜ਼ ਵਜੋਂ ਖੁਲਾਸਾ

## ਸਵਾਲ ਅਤੇ ਜਵਾਬ

---

### 1. ਕੀ ਸਿਹਤ-ਸੰਭਾਲ ਪੇਸ਼ੇਵਰਾਂ ਨੂੰ ਆਪਣੀ HIV-ਅਵਸਥਾ ਦਾ ਖੁਲਾਸਾ ਕਰਨਾ ਮੇਰੀ ਜਿੰਮੇਵਾਰੀ ਹੈ?

ਵਰਤਮਾਨ ਸਮੇਂ ਕੋਈ ਵੀ ਅਜਿਹਾ ਵਿਧਾਨ ਜਾਂ ਕੇਸ ਕਨੂੰਨ (case law) ਨਹੀਂ ਹੈ ਜੋ ਡਾਕਟਰਾਂ, ਨਰਸਾਂ, ਦੰਦਾਂ ਦੇ ਡਾਕਟਰਾਂ, ਸਰਜਨਾਂ, ਪੈਰਾਮੈਡਿਕਸ ਜਾਂ ਕਿਸੇ ਹੋਰ ਸਿਹਤ ਪੇਸ਼ੇਵਰਾਂ ਨੂੰ ਇਹ ਦੱਸਣ ਦੀ ਜਿੰਮੇਵਾਰੀ ਮਰੀਜ਼ਾਂ ’ਤੇ ਪਾਉਂਦਾ ਹੋਵੇ ਕਿ ਉਹ HIV-ਪਾਜੇਟਿਵ ਹਨ। ਇਸਦਾ ਮਤਲਬ ਇਹ ਹੈ ਕਿ ਕੀ ਤੁਸੀਂ ਆਪਣੇ ਡਾਕਟਰ (ਜਾਂ ਕਿਸੇ ਹੋਰ ਸਿਹਤ-ਸੰਭਾਲ ਪੇਸ਼ੇਵਰ) ਨੂੰ ਆਪਣੀ HIV ਅਵਸਥਾ ਦਾ ਖੁਲਾਸਾ ਕਰਨ ਜਾਂ ਨਾ ਕਰਨ ਦਾ ਫੈਸਲਾ ਕਰਦੇ ਹੋ, ਇਹ ਤੁਹਾਡੀ ਮਰਜ਼ੀ ਹੈ। ਤੁਹਾਡੀ ਨਿੱਜੀ ਸੇਹਤ ਜਾਣਕਾਰੀ, ਜਿਸ ਵਿੱਚ ਤੁਹਾਡੀ HIV ਅਵਸਥਾ ਸ਼ਾਮਲ ਹੈ, ਗੁਪਤ, ਨਿੱਜੀ ਜਾਣਕਾਰੀ ਹੁੰਦੀ ਹੈ। ਡਾਕਟਰੀ ਪ੍ਰਦਾਨਕਾਂ – ਚਾਹੇ ਉਹ ਆਪਣੇ ਮਰੀਜ਼ਾਂ ਦੀ HIV ਅਵਸਥਾ ਬਾਰੇ ਜਾਣਦੇ ਹੋਣ ਜਾਂ ਨਾ - ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਵਿਆਪਕ ਸਾਵਧਾਨੀਆਂ ਦੀ ਵਰਤੋਂ ਕਰਨ ਤਾਂ ਜੋ ਸਾਰੀਆਂ ਸਥਾਪਨਾਵਾਂ ਵਿੱਚ ਖ਼ੂਨ ਰਾਹੀਂ ਫੈਲਣ ਵਾਲੀਆਂ ਲਾਗਾਂ ਨਾਲ ਸੰਪਰਕ ਤੋਂ ਬਚਿਆ ਜਾ ਸਕੇ।

ਹਾਲਾਂਕਿ ਕੈਨੇਡੀਅਨ ਅਪਰਾਧਕ ਕਨੂੰਨ ਤਹਿਤ ਕੁਝ ਵਿਸ਼ੇਸ਼ ਜਿਨਸੀ ਕਿਰਿਆਵਾਂ ਤੋਂ ਪਹਿਲਾਂ ਖੁਲਾਸਾ ਕਰਨਾ ਕਨੂੰਨੀ ਕਰੱਤਵ ਹੈ, ਇਹ ਸਤਰਾਂ ਲਿਖੇ ਜਾਣ ਤੱਕ, ਸਿਹਤ ਸੰਭਾਲ ਦੀ ਸੁਵਿਧਾ ਦੇ ਸਬੰਧ ਵਿੱਚ ਅਜਿਹੇ ਕਿਸੇ ਕਨੂੰਨੀ ਤਰਕ ਦਾ ਉਪਯੋਗ ਨਹੀਂ ਕੀਤਾ ਗਿਆ ਹੈ।

ਪਰ, ਖੁਲਾਸਾ ਕਰਨ ਦੀ ਕੋਈ *ਕਨੂੰਨੀ*ਜਿੰਮੇਵਾਰੀ ਨਾ ਹੋਣ ਦਾ ਜ਼ਰੂਰੀ ਤੌਰ ’ਤੇ ਇਹ ਮਤਲਬ ਨਹੀਂ ਹੈ ਕਿ ਤੁਹਾਨੂੰ ਸਿਹਤ ਸੰਭਾਲ ਪ੍ਰਦਾਨਕਾਂ ਕੋਲੋਂ ਆਪਣੀ ਅਵਸਥਾ ਨੂੰ ਛੁਪਾਕੇ ਰੱਖਣਾ ਚਾਹੀਦਾ ਹੈ। ਆਪਣੇ ਡਾਕਟਰ ਨੂੰ ਤੁਹਾਡੀ HIV-ਪਾਜੇਟਿਵ ਅਵਸਥਾ ਬਾਰੇ ਦੱਸਣਾ, ਚਾਹੇ ਉਹ ਡਾਕਟਰ ਤੁਹਾਡੀ ਮੁੱਢਲੀ ਸੰਭਾਲ ਕਰਨ ਵਾਲਾ ਡਾਕਟਰ ਨਾ ਵੀ ਹੋਵੇ, ਅਕਸਰ ਸਭ ਤੋਂ ਵਧੀਆ ਸੰਭਵ ਸੰਭਾਲ ਪ੍ਰਾਪਤ ਕਰਨ ਲਈ ਜ਼ਰੂਰੀ ਹੁੰਦਾ ਹੈ। ਉਦਾਹਰਨ ਲਈ, ਦੰਦਾਂ ਦੀਆਂ ਕੁਝ ਸਮੱਸਿਆਵਾਂ ਕਿਸੇ ਮੌਕਾਪ੍ਰਸਤ ਲਾਗ ਦਾ ਸੰਕੇਤ ਦੇ ਸਕਦੀਆਂ ਹਨ। ਜੇ ਤੁਹਾਡੇ ਦੰਦਾਂ ਦੇ ਡਾਕਟਰ ਨੂੰ ਤੁਹਾਡੀ HIV-ਪਾਜੇਟਿਵ ਅਵਸਥਾ ਬਾਰੇ ਪਤਾ ਨਹੀਂ ਹੈ, ਤਾਂ ਹੋ ਸਕਦਾ ਹੈ ਤੁਹਾਨੂੰ ਇਸ ਜਾਣਕਾਰੀ ਤੋਂ ਲਾਭ ਨਾ ਹੋਵੇ। ਹੋਰਨਾਂ ਹਾਲਾਤਾਂ ਵਿੱਚ, ਤੁਹਾਡੀ ਅਵਸਥਾ ਦਾ ਖੁਲਾਸਾ ਕਰਨਾ ਤੁਹਾਨੂੰ ਅਣਕਿਆਸੀਆਂ ਦਵਾਈਆਂ ਦੀਆਂ ਆਪਸੀ-ਕਿਰਿਆਵਾਂ ਤੋਂ ਬਚਣ ਵਿੱਚ ਵੀ ਮਦਦ ਕਰ ਸਕਦਾ ਹੈ।

## 2. ਜੇ ਕੋਈ ਸਿਹਤ ਸੰਭਾਲ ਪੇਸ਼ੇਵਰ ਜਾਂ ਪੈਰਾਮੈਡਿਕ ਇਤਫਾਕ ਨਾਲ ਮੇਰੇ ਖ਼ੂਨ ਜਾਂ ਹੋਰ ਸਰੀਰਕ ਤਰਲਾਂ ਦੇ ਸੰਪਰਕ ਵਿੱਚ ਆ ਗਿਆ ਹੈ ਤਾਂ ਕੀ ਮੈਨੂੰ ਆਪਣੀ ਅਵਸਥਾ ਦਾ ਖੁਲਾਸਾ ਕਰਨ ਦੀ ਲੋੜ ਹੈ?

ਦੁਰਲੱਭ ਮਾਮਲਿਆਂ ਵਿੱਚ ਜਿੱਥੇ ਕੋਈ ਸਿਹਤ ਪੇਸ਼ੇਵਰ ਇਤਫਾਕ ਨਾਲ ਖ਼ੂਨ ਜਾਂ ਹੋਰ ਸਰੀਰਕ ਤਰਲਾਂ ਦੇ ਸੰਪਰਕ ਵਿੱਚ (ਉਦਾਹਰਨ ਲਈ ਸੂਈ ਦੀ ਨੋਕ ਤੋਂ ਲੱਗੀ ਚੋਟ ਰਾਹੀਂ) ਆ ਜਾਂਦਾ ਹੈ, ਤਾਂ ਸੰਪਰਕ ਵਿੱਚ ਆਏ ਵਿਅਕਤੀ ਨੂੰ ਡਾਕਟਰੀ ਸਲਾਹ ਅਤੇ ਸੰਭਵ ਇਲਾਜ ਦੀ ਮੰਗ ਕਰਨੀ ਚਾਹੀਦੀ ਹੈ। ਅਜਿਹੇ ਹਾਲਾਤਾਂ ਵਿੱਚ ਆਪਣੀ ਅਵਸਥਾ ਦਾ ਖੁਲਾਸਾ ਕਰਨਾ ਤੁਹਾਡਾ *ਕਨੂੰਨੀ*ਕਰੱਤਵ ਬਣਦਾ ਹੈ ਜਾਂ ਨਹੀਂ, ਇਸ ਮਸਲੇ ਨੂੰ ਅਦਾਲਤ ਵਿੱਚ ਕਦੇ ਵੀ ਹੱਲ ਨਹੀਂ ਕੀਤਾ ਗਿਆ। ਹਾਲਾਂਕਿ ਅਪਰਾਧਕ ਮੁਕੱਦਮਿਆਂ ਜਾਂ ਸਿਵਲ ਮੁਕੱਦਮਿਆਂ ਦੀ ਸੰਭਾਵਨਾ ਨੂੰ ਕਦੇ ਵੀ ਨਕਾਰਿਆ ਨਹੀਂ ਜਾ ਸਕਦਾ, ਖਾਸ ਕਰਕੇ ਜੇਕਰ ਲਾਗ ਲੱਗ ਜਾਂਦੀ ਹੈ, ਪਰ ਇਹ ਦੇਖਦੇ ਹੋਏ ਕਿ ਕੈਨੇਡਾ ਵਿੱਚ ਕਿੱਤੇ ਨਾਲ ਸਬੰਧਿਤ ਲਾਗ ਲੱਗਣ ਦੇ ਵਰਤਾਰੇ (ਦੂਜੇ ਸ਼ਬਦਾਂ ਵਿੱਚ ਕਾਰਜ-ਸਥਾਨ ਵਿੱਚ HIV ਦੀ ਲਾਗ) ਬਹੁਤ ਦੁਰਲੱਭ ਹਨ, ਇਸ ਲਈ ਇਸਦੀ ਸੰਭਾਵਨਾ ਨਹੀਂ ਜਾਪਦੀ।

ਵਿਹਾਰਕ ਰੂਪ ਵਿੱਚ, ਜੇ ਕੋਈ ਸਿਹਤ-ਸੰਭਾਲ ਪੇਸ਼ੇਵਰ ਤੁਹਾਡੇ ਖ਼ੂਨ ਜਾਂ ਹੋਰ ਸਰੀਰਕ ਤਰਲਾਂ ਦੇ ਸੰਪਰਕ ਵਿੱਚ ਆ ਜਾਂਦਾ ਹੈ, ਤਾਂ ਸੰਭਵ ਤੌਰ ’ਤੇ ਤੁਹਾਨੂੰ ਤੁਹਾਡੀ HIV ਅਵਸਥਾ ਬਾਰੇ ਪੁੱਛਿਆ ਜਾਵੇਗਾ ਜਾਂ *ਆਪਣੀ ਮਰਜ਼ੀ ਨਾਲ* ਇੱਕ ਟੈਸਟ ਨਤੀਜਾ (ਅਕਸਰ HIV, ਹੈਪਾਟਾਈਟਸ ਬੀ ਅਤੇ ਸੀ ਵਾਸਤੇ) ਸੌਂਪਣ ਲਈ ਕਿਹਾ ਜਾਵੇਗਾ। ਇਹਨਾਂ ਹਾਲਾਤਾਂ ਵਿੱਚ ਚਾਹੇ ਆਪਣੀ ਅਵਸਥਾ ਦਾ ਖੁਲਾਸਾ ਕਰਨ ਦਾ ਤੁਹਾਡਾ ਕਨੂੰਨੀ ਕਰੱਤਵ *ਨਾ ਵੀ ਹੋਵੇ*, ਤੁਸੀਂ ਅਜਿਹਾ ਕਰਨ ਦੀ ਚੋਣ ਕਰ ਸਕਦੇ ਹੋ ਕਿਉਂਕਿ ਇਹ HIV ਦੀ ਲਾਗ ਦੀਆਂ ਸੰਭਾਵਨਾਵਾਂ ਨੂੰ ਘੱਟ ਕਰਨ ਲਈ ਪੋਸਟ-ਐਕਸਪੋਜ਼ਰ ਪ੍ਰੋਫਾਈਲੈਕਸਿਸ (post-exposure prophylaxis - PEP) ਦੀ ਮੰਗ ਕਰਨ ਵਾਸਤੇ ਸਿਹਤ ਪੇਸ਼ੇਵਰ ਦੇ ਡਾਕਟਰੀ ਮੁਲਾਂਕਣ ਅਤੇ ਫੈਸਲੇ ਸਬੰਧੀ ਜਾਣਕਾਰੀ ਵਿੱਚ ਮਦਦ ਕਰੇਗਾ। PEP ਇੱਕ HIV-ਵਿਰੋਧੀ ਦਵਾਈ ਹੈ ਜਿਸਨੂੰ ਲਾਗ ਨੂੰ ਰੋਕਣ ਵਾਸਤੇ, ਜਿੰਨੀ ਜਲਦੀ ਸੰਭਵ ਹੋਵੇ ਸ਼ੁਰੂ ਕਰ ਦੇਣਾ ਚਾਹੀਦਾ ਹੈ, ਪਰ HIV ਨਾਲ ਸੰਭਾਵੀ ਸੰਪਰਕ ਦੇ ਬਾਅਦ 72 ਘੰਟਿਆਂ ਤੋਂ ਪਹਿਲਾਂ ਪਹਿਲਾਂ। ਜਿੱਥੇ ਕਿਸੇ ਮਰੀਜ਼ ਦੀ HIV ਅਵਸਥਾ ਬਾਰੇ ਪਤਾ ਨਹੀਂ ਹੁੰਦਾ, ਉਥੇ ਹੋ ਸਕਦਾ ਹੈ ਕਿੱਤੇ ਸਬੰਧੀ ਸੰਪਰਕ ਦੇ ਮਾਮਲੇ ਵਿੱਚ PEP ਦੀ ਸਿਫਾਰਸ਼ ਨਾ ਕੀਤੀ ਜਾਵੇ ਜਦ ਤੱਕ ਕਿ ਮਰੀਜ਼ ਨੂੰ HIV-ਪਾਜੇਟਿਵ ਹੋਣ ਦਾ ਵਧੇਰੇ ਖਤਰਾ ਨਾ ਸਮਝਿਆ ਜਾਂਦਾ ਹੋਵੇ (ਉਦਾਹਰਨ ਲਈ ਉਹ ਵਧੇਰੇ ਖਤਰੇ ਵਾਲੇ ਗਰੁੱਪ ਨਾਲ ਸਬੰਧ ਰੱਖਦਾ ਹੈ)। PEP ਦੀ ਸਿਫਾਰਸ਼ ਕੀਤੀ ਜਾਂਦੀ ਹੈ ਜਾਂ ਨਹੀਂ, ਇਹ ਸੰਪਰਕ ਦੀ ਕਿਸਮ ਅਤੇ ਇਸਦੇ ਨਾਲ ਜੁੜੇ ਲਾਗ ਫੈਲਣ ਦੇ ਖਤਰਿਆਂ ’ਤੇ ਵੀ ਨਿਰਭਰ ਕਰੇਗਾ।

ਕੁਝ ਕੈਨੇਡੀਅਨ ਸੂਬਿਆਂ ਵਿੱਚ, ਕੁਝ ਵਿਸ਼ੇਸ਼ ਕੰਮਾਂ ਨੂੰ ਕਰਦੇ ਹੋਣ ਦੌਰਾਨ ਜੇਕਰ ਕੋਈ ਵਿਅਕਤੀ ਤੁਹਾਡੇ ਸਰੀਰਕ ਤਰਲਾਂ ਦੇ ਸੰਪਰਕ ਵਿੱਚ ਆ ਜਾਂਦਾ ਹੈ ਅਤੇ ਤੁਸੀਂ ਆਪਣੀ ਮਰਜ਼ੀ ਨਾਲ ਟੈਸਟ ਕਰਵਾਉਣ ਜਾਂ ਆਪਣੀ ਅਵਸਥਾ ਦਾ ਖੁਲਾਸਾ ਕਰਨ ਤੋਂ ਇਨਕਾਰ ਕਰ ਦਿੰਦੇ ਹੋ ਤਾਂ ਤੁਹਾਨੂੰ ਟੈਸਟ ਕਰਵਾਉਣ ਲਈ *ਮਜ਼ਬੂਰ* ਵੀ ਕੀਤਾ ਜਾ ਸਕਦਾ ਹੈ। ਲਾਜ਼ਮੀ ਟੈਸਟ ਕਰਵਾਉਣ ਦਾ ਵਿਧਾਨ ਵਰਤਮਾਨ ਸਮੇਂ ਬ੍ਰਿਟਿਸ਼ ਕੋਲੰਬੀਆ, ਸਾਸਕੈਚੇਵਾਨ,

ਓਨਟੈਰੀਓ, ਅਲਬਰਟਾ, ਨੋਵਾ ਸਕੋਸ਼ੀਆ ਅਤੇ ਮਨੀਟੋਬਾ ਵਿੱਚ ਮੌਜੂਦ ਹੈ। ਇਹਨਾਂ ਕਨੂੰਨਾਂ ਦੇ ਤਹਿਤ, ਪੁਲਿਸ ਅਫਸਰ, ਅੱਗ-ਬੁਝਾਊ ਦਸਤੇ ਦੇ ਲੋਕ, ਪੈਰਾਮੈਡਿਕਸ ਜਾਂ ਨਰਸਾਂ – ਲਾਗੂ ਹੋਣ ਵਾਲੇ ਵਿਧਾਨ ’ਤੇ ਨਿਰਭਰ ਕਰਨ ਅਨੁਸਾਰ – ਕਿੱਤੇ ਸਬੰਧੀ ਸੰਪਰਕ ਦੀ ਕਿਸੇ ਘਟਨਾ ਦੇ ਬਾਅਦ ਕਿਸੇ ਨੂੰ ਲਾਗਾਂ ਵਾਸਤੇ ਟੈਸਟ ਕਰਵਾਉਣ ਲਈ ਮਜ਼ਬੂਰ ਕਰਨ ਵਾਸਤੇ ਇੱਕ ਅਦਾਲਤੀ ਆਦੇਸ਼ ਲਈ ਅਰਜ਼ੀ ਦੇ ਸਕਦੇ ਹਨ। ਜੇ ਅਦਾਲਤ ਇਹ ਆਦੇਸ਼ ਦੇ ਦਿੰਦੀ ਹੈ, ਤਾਂ ਸੰਪਰਕ ਵਿੱਚ ਆਏ ਪੇਸ਼ੇਵਰ ਅਤੇ/ਜਾਂ ਉਹਨਾਂ ਦੇ ਡਾਕਟਰ ਨੂੰ ਤੁਹਾਡੇ ਟੈਸਟ ਦੇ ਨਤੀਜਿਆਂ ਬਾਰੇ ਸੂਚਿਤ ਕੀਤਾ ਜਾਵੇਗਾ। ਕਿੱਤੇ ਸਬੰਧੀ ਸੰਪਰਕ ਦੇ ਸੰਦਰਭ ਵਿੱਚ ਲਾਜ਼ਮੀ ਟੈਸਟ ਕਰਵਾਉਣ ਦੀ, ਅਨੈਤਿਕ ਹੋਣ ਕਾਰਨ, ਮਨੁੱਖੀ ਅਧਿਕਾਰਾਂ ਦੇ ਖਿਲਾਫ ਹੋਣ ਕਾਰਨ ਅਤੇ ਗੈਰ-ਅਸਰਦਾਰ ਹੋਣ ਕਾਰਨ ਪੁਰਜੋਰ ਨੁਕਤਾਚੀਨੀ ਹੋਈ ਹੈ। ਜੇ ਤੁਸੀਂ ਟੈਸਟ ਲਈ ਮਜ਼ਬੂਰ ਕੀਤੇ ਜਾਣ ਵਾਸਤੇ ਕਿਸੇ ਅਦਾਲਤੀ ਆਦੇਸ਼ ਦੇ ਪਾਤਰ ਬਣ ਜਾਂਦੇ ਹੋ, ਤਾਂ ਤੁਹਾਨੂੰ ਕਿਸੇ ਵਕੀਲ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

## 3. ਕੀ ਸਿਹਤ-ਸੰਭਾਲ ਪੇਸ਼ੇਵਰ ਮੇਰਾ ਇਲਾਜ ਕਰਨ ਤੋਂ ਮਨ੍ਹਾ ਕਰ ਸਕਦੇ ਹਨ ਕਿਉਂਕਿ ਮੈਂ HIV-ਪਾਜੇਟਿਵ ਹਾਂ?

ਕੈਨੇਡਾ ਦੇ ਮਨੁੱਖੀ ਅਧਿਕਾਰਾਂ ਸਬੰਧੀ ਕਨੂੰਨ ਸੇਵਾਵਾਂ ਪ੍ਰਦਾਨ ਕਰਦੇ ਸਮੇਂ, ਜਿੰਨ੍ਹਾਂ ਵਿੱਚ ਸਿਹਤ-ਸੰਭਾਲ ਸੇਵਾਵਾਂ ਵੀ ਸ਼ਾਮਲ ਹਨ, ਅਪੰਗਤਾ ਦੇ ਆਧਾਰ ’ਤੇ ਭੇਦਭਾਵ ਦੀ ਮਨਾਹੀ ਕਰਦੇ ਹਨ। ਕਨੂੰਨ ਤਹਿਤ HIV ਅਤੇ AIDS ਨੂੰ ਅਪੰਗਤਾਵਾਂ ਮੰਨਿਆ ਜਾਂਦਾ ਹੈ। ਇਸਦਾ ਮਤਲਬ ਇਹ ਹੈ ਕਿ ਸਿਹਤ-ਸੰਭਾਲ ਪੇਸ਼ੇਵਰ ਤੁਹਾਡੀ HIV-ਪਾਜੇਟਿਵ ਅਵਸਥਾ ਕਰਕੇ ਤੁਹਾਡੀ ਜਾਂਚ ਜਾਂ ਇਲਾਜ ਕਰਨ ਤੋਂ ਇਨਕਾਰ ਨਹੀਂ ਕਰ ਸਕਦੇ। ਪਰ, ਜੇ ਕੋਈ ਡਾਕਟਰ ਤੁਹਾਨੂੰ ਉਚਿਤ ਤਰੀਕੇ ਨਾਲ ਕਿਸੇ ਹੋਰ ਸਿਹਤ ਪੇਸ਼ੇਵਰ ਕੋਲ ਭੇਜਦਾ ਹੈ ਜੋ HIV ਦੀ ਸੰਭਾਲ ਵਿੱਚ ਮੁਹਾਰਤ ਰੱਖਦਾ ਹੈ, ਤਾਂ ਇਸਨੂੰ ਭੇਦਭਾਵ ਸਮਝੇ ਜਾਣ ਦੀ ਸੰਭਾਵਨਾ ਨਹੀਂ ਹੋਵੇਗੀ। (ਭੇਦਭਾਵ ਦੀ ਸੂਰਤ ਵਿੱਚ ਕਨੂੰਨੀ ਉਪਾਵਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ ਹੇਠਾਂ ਦੇਖੋ)।

ਤੁਸੀਂ ਆਪਣੇ ਜੀਵਨ ਵਿੱਚ ਕਈ ਵਿਭਿੰਨ ਸਿਹਤ-ਸੰਭਾਲ ਪੇਸ਼ੇਵਰਾਂ ਨੂੰ ਦੇਖੋਗੇ। ਜੇ ਤੁਸੀਂ ਆਪਣੇ ਡਾਕਟਰ, ਦੰਦਾਂ ਦੇ ਡਾਕਟਰ ਜਾਂ ਕਿਸੇ ਹੋਰ ਪ੍ਰੈਕਟੀਸ਼ਨਰ ਨੂੰ ਆਪਣੀ ਅਵਸਥਾ ਬਾਰੇ ਖੁਲਾਸਾ ਕਰਨ ਬਾਰੇ ਚਿੰਤਤ ਹੋ, ਤਾਂ ਆਪਣੀ ਸਥਾਨਕ ਏਡਜ਼-ਸੇਵਾ ਸੰਸਥਾ ਨੂੰ ਕਾਲ ਕਰੋ। ਉਹ ਤੁਹਾਨੂੰ ਉਹਨਾਂ ਪੇਸ਼ੇਵਰਾਂ ਕੋਲ ਭੇਜਣ ਦੇ ਯੋਗ ਹੋਣਗੇ ਜੋ HIV ਬਾਰੇ ਗਿਆਨ ਰੱਖਦੇ ਹੋਣਗੇ ਅਤੇ ਇਸਦੇ ਨਾਲ ਸਹਿਜ ਹੋਣਗੇ।

## 4. ਕੀ ਮੇਰੀ HIV-ਪਾਜੇਟਿਵ ਅਵਸਥਾ ਬਾਰੇ ਕਿਸੇ ਡਾਕਟਰੀ ਫਾਰਮ ’ਤੇ ਝੂਠ ਲਿਖਣ ਵਾਸਤੇ ਮੇਰੇ ’ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ?

ਸਿਹਤ-ਸੰਭਾਲ ਪੇਸ਼ੇਵਰ ਤੁਹਾਨੂੰ ਅਜਿਹੇ ਸਵਾਲ ਪੁੱਛ ਸਕਦੇ ਹਨ ਜੋ ਤੁਹਾਡੀ ਸੰਭਾਲ ਨਾਲ ਸਬੰਧਿਤ ਹਨ। ਇਸੇ ਕਰਕੇ ਪਹਿਲੀ ਵਾਰ ਕਿਸੇ ਡਾਕਟਰ ਜਾਂ ਦੰਦਾਂ ਦੇ ਡਾਕਟਰ ਨੂੰ ਮਿਲਣ ਸਮੇਂ, ਤੁਹਾਨੂੰ ਇੱਕ ਫਾਰਮ ਭਰਨ ਅਤੇ

ਤੁਹਾਡੀ ਸਿਹਤ ਬਾਰੇ ਜਾਣਕਾਰੀ ਪ੍ਰਦਾਨ ਕਰਾਉਣ ਬਾਰੇ ਪੁੱਛਿਆ ਜਾ ਸਕਦਾ ਹੈ। ਪਰ, ਅਜਿਹੀ ਜਾਣਕਾਰੀ ਪ੍ਰਦਾਨ ਕਰਾਉਣ ਦੀ ਤੁਹਾਡੀ ਕੋਈ ਜਿੰਮੇਵਾਰੀ ਨਹੀਂ ਹੈ ਜੇਕਰ ਤੁਸੀਂ ਅਜਿਹਾ ਨਹੀਂ ਚਾਹੁੰਦੇ। ਜੇ ਤੁਸੀਂ ਆਪਣੀ HIV ਅਵਸਥਾ ਦਾ ਖੁਲਾਸਾ ਕਰਨ ਵਿੱਚ ਸਹਿਜ ਮਹਿਸੂਸ ਨਹੀਂ ਕਰਦੇ, ਤਾਂ ਤੁਹਾਨੂੰ ਆਪਣੇ ਡਾਕਟਰ ਦੇ ਸਵਾਲਾਂ ਦਾ ਜਵਾਬ ਦੇਣ ਤੋਂ ਇਨਕਾਰ ਕਰਨ ਦਾ ਅਧਿਕਾਰ ਹੈ। ਆਪਣੀ HIV-ਪਾਜੇਟਿਵ ਅਵਸਥਾ ਬਾਰੇ ਸਿਹਤ ਪੇਸ਼ੇਵਰ ਨੂੰ ਝੂਠ ਬੋਲਣ ਨੂੰ ਤੁਹਾਡੇ ਖਿਲਾਫ ਨਹੀਂ ਵਰਤਿਆ ਜਾ ਸਕਦਾ।

## 5. ਜੇ ਮੈਂ ਕਿਸੇ ਸਿਹਤ-ਸੰਭਾਲ ਪੇਸ਼ੇਵਰ ਨੂੰ ਆਪਣੀ HIV ਅਵਸਥਾ ਬਾਰੇ ਖੁਲਾਸਾ ਕਰਦਾ/ਦੀ ਹਾਂ, ਤਾਂ ਕੀ ਇਸਨੂੰ ਰਿਕਾਰਡ ਕੀਤਾ ਜਾਵੇਗਾ?

ਦਸਤਾਵੇਜ਼ਾਂ ਦੇ ਸਬੰਧ ਵਿੱਚ ਸਿਹਤ ਪੇਸ਼ੇਵਰਾਂ ਦੀਆਂ ਪੇਸ਼ੇਵਰਾਨਾ ਜਿੰਮੇਵਾਰੀਆਂ ਹੁੰਦੀਆਂ ਹਨ। ਉਹਨਾਂ ਵਾਸਤੇ ਕਿਸੇ ਮਰੀਜ਼ ਨਾਲ ਕੀਤੇ ਸਲਾਹ-ਮਸ਼ਵਰਿਆਂ, ਡਾਕਟਰੀ ਅਵਸਥਾ ਅਤੇ ਇਲਾਜ ਦਾ ਰਿਕਾਰਡ ਰੱਖਣਾ ਲਾਜ਼ਮੀ ਹੁੰਦਾ ਹੈ। ਇਸ ਕਰਕੇ, ਹੋ ਸਕਦਾ ਹੈ ਤੁਸੀਂ ਕਿਸੇ ਡਾਕਟਰ ਨੂੰ ਤੁਹਾਡੀ ਸਿਹਤ ਜਾਣਕਾਰੀ ਨੂੰ ਤੁਹਾਡੇ ਡਾਕਟਰੀ ਰਿਕਾਰਡ ਵਿੱਚ ਸ਼ਾਮਲ ਕਰਨ ਤੋਂ ਰੋਕਣ ਦੇ ਯੋਗ ਨਾ ਹੋਵੋਂ। ਪਰ, ਜੇ ਤੁਸੀਂ ਨਹੀਂ ਚਾਹੁੰਦੇ ਕਿ ਜਾਣਕਾਰੀ ਨੂੰ ਹੋਰਨਾਂ ਦੇ ਨਾਲ ਸਾਂਝਾ ਕੀਤਾ ਜਾਵੇ, ਜਿਸ ਵਿੱਚ ਹੋਰ ਸਿਹਤ-ਸੰਭਾਲ ਪੇਸ਼ੇਵਰ ਵੀ ਸ਼ਾਮਲ ਹਨ, ਤਾਂ ਤੁਸੀਂ ਇਸ ਗੱਲ ਦੀ ਬੇਨਤੀ ਕਰਨ ਦੇ ਯੋਗ ਹੋ ਸਕਦੇ ਹੋ ਕਿ ਤੁਹਾਡਾ ਡਾਕਟਰ ਤੁਹਾਡੀ ਜਾਣਕਾਰੀ ਨੂੰ ਹੋਰਨਾਂ ਦੇ ਨਾਲ ਸਾਂਝੀ ਨਾ ਕਰੇ ਜਾਂ ਆਪਣੇ ਸਿਸਟਮ ਵਿੱਚ ਜਾਣਕਾਰੀ ਨੂੰ ਬੇਪਛਾਣ ਕਰ ਦੇਵੇ। (ਵਧੇਰੇ ਜਾਣਕਾਰੀ ਵਾਸਤੇ, ਇਸ ਲੜੀ ਵਿੱਚ **"ਪਰਦੇਦਾਰੀ ਅਤੇ ਸਿਹਤ ਰਿਕਾਰਡ"** ਦੇਖੋ।)

## 6. ਕੀ ਕੋਈ ਸਿਹਤ-ਸੰਭਾਲ ਪੇਸ਼ੇਵਰ ਮੇਰੀ HIV ਅਵਸਥਾ ਬਾਰੇ ਮੈਨੂੰ ਸਵਾਲ ਪੁੱਛ ਸਕਦਾ ਹੈ ਚਾਹੇ ਇਹ ਮੇਰੀ ਸੰਭਾਲ ਨਾਲ ਸਬੰਧਿਤ ਨਾ ਵੀ ਹੋਣ?

ਇੱਕ ਆਮ ਸਿਧਾਂਤ ਵਜੋਂ, ਸਿਹਤ-ਸੰਭਾਲ ਪੇਸ਼ੇਵਰਾਂ ਨੂੰ ਕੇਵਲ ਉਹੀ ਸਵਾਲ ਪੁੱਛਣੇ ਚਾਹੀਦੇ ਹਨ ਜੋ ਉਸ ਮਕਸਦ ਨਾਲ ਸਬੰਧਿਤ ਹੋਣ ਜਿਸ ਵਾਸਤੇ ਜਾਣਕਾਰੀ ਲੋੜੀਂਦੀ ਹੈ। ਇਸਦਾ ਮਤਲਬ ਇਹ ਹੈ ਕਿ ਜੇ ਉਹਨਾਂ ਨੂੰ ਤੁਹਾਡੀ ਜਾਂਚ ਕਰਨ ਜਾਂ ਇਲਾਜ ਕਰਨ ਵਾਸਤੇ ਜਾਣਕਾਰੀ ਦੀ ਲੋੜ ਨਹੀਂ ਹੈ ਤਾਂ ਸੰਭਾਲ ਪ੍ਰਦਾਨ ਕਰਨ ਦੇ ਮਕਸਦ ਵਾਸਤੇ ਉਹਨਾਂ ਨੂੰ ਤੁਹਾਡੀ HIV ਅਵਸਥਾ ਬਾਰੇ ਨਹੀਂ ਪੁੱਛਣਾ ਚਾਹੀਦਾ।

ਜੇ ਤੁਸੀਂ ਨਹੀਂ ਸਮਝਦੇ ਕਿ ਕੋਈ ਸਿਹਤ-ਸੰਭਾਲ ਪੇਸ਼ੇਵਰ ਤੁਹਾਡੀ ਅਵਸਥਾ ਬਾਰੇ ਕਿਉਂ ਪੁੱਛ ਰਿਹਾ ਹੈ, ਤਾਂ ਤੁਹਾਨੂੰ ਇਹ ਪੁੱਛਣ ਦਾ ਅਧਿਕਾਰ ਹੈ ਕਿ ਸਵਾਲ ਤੁਹਾਡੀ ਸੰਭਾਲ ਨਾਲ ਸਬੰਧਿਤ ਕਿਵੇਂ ਹੈ। ਜੇ ਤੁਹਾਨੂੰ ਅਜਿਹੇ ਵਿਚਾਰ-ਵਟਾਂਦਰੇ ਵਿੱਚ ਸ਼ਾਮਲ ਹੋਣਾ ਬੇਹੱਦ ਮੁਸ਼ਕਿਲ ਲੱਗਦਾ ਹੈ ਜਾਂ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਆਪਣੇ ਡਾਕਟਰ 'ਤੇ ਵਿਸ਼ਵਾਸ ਨਹੀਂ ਕਰ ਸਕਦੇ, ਤਾਂ ਜਿੱਥੇ ਸੰਭਵ ਹੋਵੇ, ਉਥੇ ਤੁਸੀਂ ਕਿਸੇ ਵਿਕਲਪਕ ਪੇਸ਼ੇਵਰ ਨੂੰ ਲੱਭਣ 'ਤੇ ਵਿਚਾਰ ਕਰ ਸਕਦੇ ਹੋ।

**7. ਕੀ ਮੇਰੀ ਸਪੱਸ਼ਟ ਸਹਿਮਤੀ ਦੇ ਬਿਨਾਂ, ਇੱਕ ਸਿਹਤ-ਸੰਭਾਲ ਪੇਸ਼ੇਵਰ ਮੇਰੀ HIV ਅਵਸਥਾ ਦਾ ਖੁਲਾਸਾ ਕਿਸੇ ਹੋਰ ਪੇਸ਼ੇਵਰ ਨੂੰ ਕਰ ਸਕਦਾ ਹੈ?**

ਆਮ ਤੌਰ ’ਤੇ, ਸਿਹਤ-ਸੰਭਾਲ ਪੇਸ਼ੇਵਰਾਂ ਨੂੰ ਸੰਭਾਲ ਪ੍ਰਦਾਨ ਕਰਨ ਜਾਂ ਸੰਭਾਲ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਨ ਦੇ ਮਕਸਦ ਵਾਸਤੇ ਦੂਜੇ ਸਿਹਤ-ਸੰਭਾਲ ਪੇਸ਼ੇਵਰਾਂ ਕੋਲ ਤੁਹਾਡੀ ਸਿਹਤ ਜਾਣਕਾਰੀ ਦਾ ਖੁਲਾਸਾ ਕਰਨ ਲਈ ਤੁਹਾਡੀ ਸਪੱਸ਼ਟ ਸਹਿਮਤੀ (ਦੂਜੇ ਸ਼ਬਦਾਂ ਵਿੱਚ ਜਾਂ ਤਾਂ ਜ਼ੁਬਾਨੀ ਬਿਆਨ ਕੀਤੀ ਜਾਂ ਲਿਖਤੀ ਰੂਪ ਵਿੱਚ) ਦੀ ਲੋੜ ਨਹੀਂ ਹੁੰਦੀ। ਇਸ ਪ੍ਰਥਾ ਨੂੰ “ਸੰਭਾਲ ਦੇ ਦਾਇਰੇ” ਵਿੱਚ ਜਾਣਕਾਰੀ ਸਾਂਝੀ ਕਰਨਾ ਕਿਹਾ ਜਾਂਦਾ ਹੈ। ਬਹੁਤ ਸਾਰੇ ਸੂਬਿਆਂ ਵਿੱਚ, ਅਜਿਹੇ ਹਾਲਾਤਾਂ ਵਿੱਚ ਤੁਹਾਡੀ ਸਹਿਮਤੀ ਨੂੰ ਸੰਕੇਤਕ ਸਮਝ ਲਿਆ ਜਾਵੇਗਾ, ਮਤਲਬ ਇਹ ਕਿ ਤੁਹਾਨੂੰ ਸਹਿਮਤੀ ਪ੍ਰਦਾਨ ਕਰਨ ਲਈ ਨਹੀਂ ਪੁੱਛਿਆ ਜਾਵੇਗਾ।

ਵਿਹਾਰਕ ਰੂਪ ਵਿੱਚ, ਆਮ ਤੌਰ ’ਤੇ ਇਸਦਾ ਮਤਲਬ ਇਹ ਹੁੰਦਾ ਹੈ ਕਿ ਜਦ ਤੱਕ ਤੁਸੀਂ ਸਿਹਤ-ਸੰਭਾਲ ਪੇਸ਼ੇਵਰਾਂ ਨੂੰ ਇਸਤੋਂ ਉਲਟ ਹਦਾਇਤ ਨਹੀਂ ਕਰਦੇ:

- ਕੋਈ ਪਰਿਵਾਰਕ ਡਾਕਟਰ ਜੋ ਤੁਹਾਨੂੰ ਕਿਸੇ ਵਿਸ਼ੇਸ਼ ਮਾਹਰ ਕੋਲ ਭੇਜਦਾ ਹੈ, ਉਹ ਤੁਹਾਡੀ ਸਿਹਤ ਜਾਣਕਾਰੀ ਉਸ ਵਿਸ਼ੇਸ਼ ਮਾਹਰ ਨਾਲ ਸਾਂਝੀ ਕਰ ਸਕਦਾ ਹੈ।
- ਕੋਈ ਹਸਪਤਾਲ ਤੁਹਾਡੀ ਸਿਹਤ ਬਾਰੇ ਜਾਣਕਾਰੀ ਤੁਹਾਡੇ ਪਰਿਵਾਰਕ ਡਾਕਟਰ ਨਾਲ ਸਾਂਝੀ ਕਰ ਸਕਦਾ ਹੈ।
- ਜੇ ਤੁਸੀਂ ਆਪਣੀ ਅਵਸਥਾ ਦਾ ਖੁਲਾਸਾ ਕਿਸੇ ਐਮਰਜੈਂਸੀ ਰੂਮ ਦੇ ਡਾਕਟਰ ਨੂੰ ਕਰਦੇ ਹੋ, ਤਾਂ ਉਸ ਡਾਕਟਰ ਨੂੰ ਤੁਹਾਡੀ ਸੰਭਾਲ ਟੀਮ ਦੇ ਹੋਰ ਮੈਂਬਰਾਂ ਨੂੰ ਦੱਸਣ ਦੀ ਆਗਿਆ ਹੈ ਕਿ ਤੁਸੀਂ HIV-ਪਾਜੇਟਿਵ ਹੋ।
- ਜੇ ਦਾਖਲ ਹੋਣ ਦੀ ਪ੍ਰਕਿਰਿਆ ਦੇ ਭਾਗ ਵਜੋਂ ਤੁਸੀਂ ਹਸਪਤਾਲ ਦੇ ਅਮਲੇ ਨੂੰ ਆਪਣੀ HIV ਅਵਸਥਾ ਦਾ ਖੁਲਾਸਾ ਕਰਦੇ ਹੋ, ਤਾਂ ਹਸਪਤਾਲ ਵਿੱਚ ਤੁਹਾਡੀ ਮੁਲਾਕਾਤ ਦੇ ਮਕਸਦਾਂ ਵਾਸਤੇ ਤੁਹਾਡੀ ਅਵਸਥਾ ਦਾ ਖੁਲਾਸਾ ਕੀਤਾ ਜਾ ਸਕਦਾ ਹੈ। ਇਹ ਜਾਣਕਾਰੀ ਤੁਹਾਡੇ ਰਿਕਾਰਡ ਵਿੱਚ ਸ਼ਾਮਲ ਕੀਤੀ ਜਾਵੇਗੀ, ਅਤੇ ਤੁਹਾਡੀ ਸੰਭਾਲ ਵਿੱਚ ਸ਼ਾਮਲ ਅਮਲੇ ਦੇ ਮੈਂਬਰ ਸੰਭਾਲ ਪ੍ਰਦਾਨ ਕਰਾਉਣ ਦੇ ਮਕਸਦ ਵਾਸਤੇ ਇਸ ਤੱਕ ਪਹੁੰਚ ਕਰਨ ਦੇ ਯੋਗ ਹੋਣਗੇ। (ਪਰਦੇਦਾਰੀ ਦੀ ਰੱਖਿਆ ਕਰਨ ਲਈ ਸਿਹਤ ਸੰਭਾਲ ਸੁਵਿਧਾਵਾਂ ਨੇ ਨੀਤੀਆਂ ਸਥਾਪਤ ਕਰਕੇ ਰੱਖੀਆਂ ਹੋਣਗੀਆਂ। ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਕਿ ਕਿਸੇ ਵਿਸ਼ੇਸ਼ ਸਿਹਤ-ਸੰਭਾਲ ਸੁਵਿਧਾ ਵਿੱਚ, ਤੁਹਾਡੀ ਪਰਦੇਦਾਰੀ ਦੀ ਰੱਖਿਆ ਕਿਵੇਂ ਕੀਤੀ ਜਾਂਦੀ ਹੈ ਅਤੇ ਤੁਹਾਡੀ ਜਾਣਕਾਰੀ ਤੱਕ ਕਿਸਨੂੰ ਪਹੁੰਚ ਪ੍ਰਾਪਤ ਹੁੰਦੀ ਹੈ, ਉਹਨਾਂ ਨੂੰ ਕਾਲ ਕਰਨ ਤੋਂ ਝਿਜਕੋ ਨਾ ਜਾਂ ਫਿਰ ਉਹਨਾਂ ਨੂੰ ਪੱਤਰ ਲਿਖੋ ਅਤੇ ਉਹਨਾਂ ਦੀਆਂ ਨੀਤੀਆਂ ਬਾਰੇ ਪੁੱਛੋ।)

ਨੋਟ ਕਰੋ ਕਿ “ਸੰਭਾਲ ਦੇ ਦਾਇਰੇ” ਅੰਦਰ ਸਾਂਝੀ ਕੀਤੀ ਜਾਣਕਾਰੀ ਕੇਵਲ ਉਸ ਚੀਜ਼ ਤੱਕ ਹੀ ਸੀਮਤ ਹੋਣੀ ਚਾਹੀਦੀ ਹੈ ਜੋ *ਖੁਲਾਸੇ ਦੇ ਵਿਸ਼ੇਸ਼ ਮਕਸਦ ਵਾਸਤੇ ਜ਼ਰੂਰੀ ਹੈ,* ਦੂਜੇ ਸ਼ਬਦਾਂ ਵਿੱਚ ਸਿਹਤ ਸੰਭਾਲ ਪ੍ਰਦਾਨ ਕਰਨਾ ਜਾਂ ਇਸਨੂੰ ਪ੍ਰਦਾਨ ਕਰਾਉਣ ਵਿੱਚ ਸਹਾਇਤਾ ਕਰਨਾ। ਅੰਤ ਵਿੱਚ, ਤੁਹਾਨੂੰ ਜਾਣਨਾ ਚਾਹੀਦਾ ਹੈ ਕਿ ਤੁਸੀਂ ਇੱਕ ਸਿਹਤ-ਸੰਭਾਲ ਪੇਸ਼ੇਵਰ ਨੂੰ ਤੁਹਾਡੀ ਅਵਸਥਾ ਦਾ ਕਿਸੇ ਹੋਰ ਪੇਸ਼ੇਵਰ ਕੋਲ ਖੁਲਾਸਾ ਕਰਨ ਤੋਂ ਰੋਕਣ ਦੇ ਯੋਗ ਹੋ ਸਕਦੇ ਹੋ, ਜਿਸ ਵਿੱਚ ਹਸਪਤਾਲ ਵਰਗੀ ਕਿਸੇ ਸਿਹਤ-ਸੰਭਾਲ ਸੁਵਿਧਾ ਅੰਦਰ ਦਾ ਪੇਸ਼ੇਵਰ ਵੀ ਸ਼ਾਮਲ ਹੈ, ਜੇਕਰ ਤੁਸੀਂ ਸਪੱਸ਼ਟ ਤੌਰ ’ਤੇ ਕਹਿੰਦੇ ਹੋ ਕਿ ਤੁਸੀਂ ਜਾਣਕਾਰੀ ਦਾ ਖੁਲਾਸਾ ਕੀਤਾ ਜਾਣਾ ਨਹੀਂ ਚਾਹੁੰਦੇ। (ਵਧੇਰੇ ਜਾਣਕਾਰੀ ਵਾਸਤੇ, ਇਸ ਲੜੀ ਵਿੱਚ “ਪਰਦੇਦਾਰੀ ਅਤੇ ਸਿਹਤ ਰਿਕਾਰਡ” ਦੇਖੋ।)

**ਕੈਨੇਡਾ ਵਿੱਚ ਨਿੱਜੀ ਸਿਹਤ ਜਾਣਕਾਰੀ ਦੀ ਸੁਰੱਖਿਆ**

ਨੌਂ ਸੂਬਿਆਂ (ਓਨਟੈਰੀਓ, ਅਲਬਰਟਾ, ਨੋਵਾ ਸਕੋਸ਼ੀਆ, ਨਿਊਫਾਉਂਡਲੈਂਡ ਅਤੇ ਲੈਬਰਾਡੋਰ, ਨਿਊ ਬਰੱਨਸਵਿਕ, ਸਾਸਕੈਚੇਵਾਨ, ਮਨੀਟੋਬਾ, ਬ੍ਰਿਟਿਸ਼ ਕੋਲੰਬੀਆ ਅਤੇ ਕਵੀਬੈੱਕ) ਕੋਲ ਸਿਹਤ ਜਾਣਕਾਰੀ ਦੀ ਸੁਰੱਖਿਆ ਕਰਨ ਵਾਸਤੇ ਵਿਸ਼ੇਸ਼ ਕਨੂੰਨ ਹਨ। ਇਹ ਕਨੂੰਨ ਤੁਹਾਡੀ ਨਿੱਜੀ ਸਿਹਤ ਜਾਣਕਾਰੀ ਦੀ ਸੁਰੱਖਿਆ ਕਰਨ ਵਾਸਤੇ ਸਿਹਤ ਪੇਸ਼ੇਵਰਾਂ (ਉਦਾਹਰਨ ਲਈ ਦੰਦਾਂ ਦੇ ਡਾਕਟਰਾਂ, ਨਰਸਾਂ, ਡਾਕਟਰਾਂ, ਸਰਜਨਾਂ, ਫਾਰਮਾਸਿਸਟਾਂ ਅਤੇ ਹਸਪਤਾਲ ਅਮਲੇ) ’ਤੇ ਜਿੰਮੇਵਾਰੀਆਂ ਲਗਾਉਂਦੇ ਹਨ। ਇਹ ਨਿੱਜੀ ਸਿਹਤ ਜਾਣਕਾਰੀ ਨੂੰ ਇਕੱਤਰ ਕਰਨ, ਵਰਤਣ ਅਤੇ ਇਸਦਾ ਖੁਲਾਸਾ ਕਰਨ ਵਾਸਤੇ ਵਿਸ਼ੇਸ਼ ਨਿਯਮ ਅਤੇ ਸ਼ਰਤਾਂ ਤੈਅ ਕਰਦੇ ਹਨ। ਬ੍ਰਿਟਿਸ਼ ਕੋਲੰਬੀਆ ਅਤੇ ਕਵੀਬੈੱਕ ਦੇ ਕਨੂੰਨ ਕੇਵਲ ਵਿਸ਼ੇਸ਼ ਡੈਟਾਬੇਸਾਂ ਵਿੱਚ ਰੱਖੀ ਨਿੱਜੀ ਸਿਹਤ ਜਾਣਕਾਰੀ ਨੂੰ ਹੀ ਕਵਰ ਕਰਦੇ ਹਨ।

ਸਿਹਤ ਜਾਣਕਾਰੀ ’ਤੇ ਲਾਗੂ ਹੋਣ ਵਾਲੇ ਵਿਸ਼ੇਸ਼ ਵਿਧਾਨ ਦੀ ਅਣਹੋਂਦ ਵਾਲੇ ਸੂਬਿਆਂ ਅਤੇ ਖਿੱਤਿਆਂ ਵਿੱਚ, ਤੁਹਾਡੀ ਸਿਹਤ ਜਾਣਕਾਰੀ ਦੀ ਪਰਦੇਦਾਰੀ ਦੀ ਸੁਰੱਖਿਆ ਹੋਰਨਾਂ ਪਰਦੇਦਾਰੀ ਕਨੂੰਨਾਂ ਤਹਿਤ ਕੀਤੀ ਜਾਂਦੀ ਹੈ ਜੋ ਸੂਬਾਈ, ਖੇਤਰੀ ਜਾਂ ਸੰਘੀ ਪੱਧਰਾਂ ’ਤੇ ਨਿੱਜੀ ਅਤੇ ਜਨਤਕ ਖੇਤਰਾਂ ’ਤੇ ਲਾਗੂ ਹੁੰਦੇ ਹਨ।

ਪਰਦੇਦਾਰੀ ਕਨੂੰਨਾਂ ਤੋਂ ਇਲਾਵਾ, ਸਿਹਤ-ਸੰਭਾਲ ਪ੍ਰਣਾਲੀ ਵਿੱਚ ਤੁਹਾਡੇ ਪਰਦੇਦਾਰੀ ਦੇ ਅਧਿਕਾਰ ਵੱਲ ਨੈਤਿਕਤਾ ਦੇ ਜ਼ਾਬਤਿਆਂ, ਅਤੇ ਸਿਹਤ-ਸੰਭਾਲ ਪੇਸ਼ੇਵਰਾਂ ’ਤੇ ਲਾਗੂ ਹੋਣ ਵਾਲੇ ਮਿਆਰਾਂ ਅਤੇ ਪ੍ਰਕਿਰਿਆਵਾਂ ਵਿੱਚ ਤਵੱਜੋਂ ਦਿੱਤੀ ਜਾਂਦੀ ਹੈ। ਕਵੀਬੈੱਕ ਵਿੱਚ, ਲਾਗੂ ਹੋਣ ਵਾਲੇ ਕਨੂੰਨੀ ਢਾਂਚੇ ਵਿੱਚ *ਕਵੀਬੈੱਕ ਚਾਰਟਰ ਆਫ ਹਿਊਮਨ ਰਾਈਟਸ ਐਂਡ ਫ੍ਰੀਡਮਜ਼, ਦੀ ਐਕਟ ਰੈਸਪੈਕਟਿੰਗ ਹੈਲਥ ਸਰਵਿਸਜ਼ ਐਂਡ ਸੋਸ਼ਲ ਸਰਵਿਸਜ਼,* ਅਤੇ *ਪ੍ਰੋਫੈਸ਼ਨਲ ਕੋਡ* ਵੀ ਸ਼ਾਮਲ ਹਨ।

## 8. ਜੇ ਮੈਨੂੰ ਭੇਦਭਾਵ ਦਾ ਤਜ਼ਰਬਾ ਹੁੰਦਾ ਹੈ ਤਾਂ ਮੈਂ ਕੀ ਕਰ ਸਕਦਾ/ਦੀ ਹਾਂ?

ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਹਾਨੂੰ ਕਿਸੇ ਸਿਹਤ-ਸੰਭਾਲ ਪੇਸ਼ੇਵਰ ਕੋਲੋਂ ਭੇਦਭਾਵ ਦਾ ਤਜ਼ਰਬਾ ਹੋਇਆ ਹੈ (ਉਦਾਹਰਨ ਲਈ ਤੁਹਾਡੇ ਡਾਕਟਰ ਨੇ ਤੁਹਾਡਾ ਇਲਾਜ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਤੁਸੀਂ HIV-ਪਾਜੇਟਿਵ ਹੋ), ਤਾਂ ਜੋ ਕੁਝ ਵੀ ਵਾਪਰਿਆ ਸੀ ਉਸਨੂੰ ਲਿਖੋ ਤਾਂ ਜੋ ਤੁਸੀਂ ਪ੍ਰਸਥਿਤੀ ਦਾ ਰਿਕਾਰਡ ਰੱਖ ਸਕੋਂ। ਕਈ

ਵਾਰੀ, ਭੇਦਭਾਵ ਲਈ ਜਿੰਮੇਵਾਰ ਵਿਅਕਤੀ ਨਾਲ ਗੱਲ ਕਰਨਾ ਪ੍ਰਸਥਿਤੀ ਨੂੰ ਹੱਲ ਕਰ ਸਕਦਾ ਹੈ। ਜਿੱਥੇ ਲਾਗੂ ਹੁੰਦਾ ਹੋਵੇ, ਓਥੇ ਤੁਸੀਂ ਮਾਮਲੇ ਨੂੰ ਉਸ ਵਿਅਕਤੀ ਦੇ ਸੁਪਰਵਾਈਜ਼ਰ ਨਾਲ ਵਿਚਾਰਨ ਦੀ ਕੋਸ਼ਿਸ਼ ਵੀ ਕਰ ਸਕਦੇ ਹੋ।

ਜੇ ਤੁਸੀਂ ਸ਼ਿਕਾਇਤ ਦਾਇਰ ਕਰਨੀ ਚਾਹੁੰਦੇ ਹੋ, ਤਾਂ ਤੁਸੀਂ ਉਸ ਸੰਸਥਾ ਕੋਲ ਅਜਿਹਾ ਕਰ ਸਕਦੇ ਹੋ ਜੋ ਉਸ ਵਿਸ਼ੇਸ਼ ਸਿਹਤ-ਸੰਭਾਲ ਪੇਸ਼ੇਵਰ ਦੇ ਪੇਸ਼ੇ ਨੂੰ ਨਿਯਮਿਤ ਕਰਦੀ ਹੈ। ਅਜਿਹੀਆਂ ਸੰਸਥਾਵਾਂ ਨੂੰ ਅਕਸਰ "ਕਾਲਜ" ਕਿਹਾ ਜਾਂਦਾ ਹੈ (ਉਦਾਹਰਨ ਲਈ ਕਾਲਜ ਆਫ ਫਿਜੀਸ਼ੀਅਨਜ਼ ਐਂਡ ਸਰਜਨਜ਼ ਆਫ ਓਨਟੈਰੀਓ)। ਉਹ ਆਪਣੇ ਮੈਂਬਰਾਂ 'ਤੇ ਅਨੁਸ਼ਾਸ਼ਨੀ ਪਾਬੰਦੀਆਂ ਲਗਾ ਸਕਦੇ ਹਨ।

ਇੱਕ ਹੋਰ ਵਿਕਲਪ ਹੈ ਉਚਿਤ ਮਨੁੱਖੀ ਅਧਿਕਾਰ ਕਮਿਸ਼ਨ ਜਾਂ ਟ੍ਰਿਬਿਊਨਲ ਕੋਲ ਮਨੁੱਖੀ ਅਧਿਕਾਰਾਂ ਸਬੰਧੀ ਸ਼ਿਕਾਇਤ ਦਾਇਰ ਕਰਨਾ। ਜ਼ਿਆਦਾਤਰ ਮਾਮਲਿਆਂ ਵਿੱਚ, ਸਿਹਤ ਸੰਭਾਲ ਦੀ ਸੁਵਿਧਾ ਨੂੰ ਸੂਬੇ ਜਾਂ ਖਿੱਤੇ ਦੁਆਰਾ ਨਿਯਮਿਤ ਕੀਤਾ ਜਾਂਦਾ ਹੈ। ਇਸ ਕਰਕੇ, ਜੇ ਤੁਸੀਂ ਕਿਸੇ ਸਿਹਤ-ਸੰਭਾਲ ਪੇਸ਼ੇਵਰ ਜਾਂ ਸੁਵਿਧਾ (ਉਦਾਹਰਨ ਲਈ ਕਿਸੇ ਸੂਬਾਈ ਹਸਪਤਾਲ) ਖਿਲਾਫ ਕੋਈ ਸ਼ਿਕਾਇਤ ਦਾਇਰ ਕਰਨ ਦੀ ਇੱਛਾ ਕਰਦੇ ਹੋ, ਤਾਂ ਤੁਹਾਨੂੰ ਉਚਿਤ ਸੂਬਾਈ/ਖੇਤਰੀ ਮਨੁੱਖੀ ਅਧਿਕਾਰ ਕਮਿਸ਼ਨ ਜਾਂ ਟ੍ਰਿਬਿਊਨਲ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇ ਤੁਸੀਂ ਕਿਸੇ ਸੰਘੀ ਸਰਕਾਰ ਵੱਲੋਂ ਨਿਯਮਿਤ ਕੀਤੀ ਜਾਂਦੀ ਸੰਸਥਾ ਵਿਖੇ ਭੇਦਭਾਵ ਦਾ ਸਾਹਮਣਾ ਕਰਦੇ ਹੋ, ਤਾਂ ਤੁਹਾਨੂੰ ਕੈਨੇਡੀਅਨ ਮਨੁੱਖੀ ਅਧਿਕਾਰ ਕਮਿਸ਼ਨ ਨਾਲ ਸੰਪਰਕ ਕਰਨਾ ਚਾਹੀਦਾ ਹੈ। ਮਨੁੱਖੀ ਅਧਿਕਾਰ ਕਮਿਸ਼ਨ ਅਤੇ ਟ੍ਰਿਬਿਊਨਲ ਉਹਨਾਂ ਲੋਕਾਂ ਨੂੰ ਜਾਣਕਾਰੀ ਅਤੇ ਸੇਵਾਵਾਂ ਦੀ ਪੇਸ਼ਕਸ਼ ਕਰਦੇ ਹਨ ਜੋ ਵਿਸ਼ਵਾਸ ਕਰਦੇ ਹਨ ਕਿ ਉਹ ਭੇਦਭਾਵ ਤੋਂ ਪੀੜਤ ਹੋਏ ਹਨ, ਇਸ ਵਿੱਚ ਵਿਕਲਪਕ ਵਿਵਾਦ ਨਿਪਟਾਰਾ ਕਾਰਜ-ਵਿਧੀਆਂ (ਜਿਵੇਂ ਕਿ ਵਿਚੋਲਗਿਰੀ) ਬਾਰੇ ਜਾਣਕਾਰੀ ਵੀ ਸ਼ਾਮਲ ਹੈ। ਨੋਟ ਕਰੋ ਕਿ ਆਮ ਤੌਰ 'ਤੇ ਇੱਕ "ਸੀਮਾ ਮਿਆਦ" ਹੁੰਦੀ ਹੈ ਜਿਸਦਾ ਮਤਲਬ ਇਹ ਹੈ ਕਿ ਤੁਹਾਨੂੰ ਆਪਣੀ ਸ਼ਿਕਾਇਤ ਲਾਜ਼ਮੀ ਤੌਰ 'ਤੇ ਭੇਦਭਾਵ ਵਾਪਰਨ ਦੇ ਬਾਅਦ ਇੱਕ ਵਿਸ਼ੇਸ਼ ਸਮਾਂ ਮਿਆਦ ਅੰਦਰ ਦਾਇਰ ਕਰਨੀ ਚਾਹੀਦੀ ਹੈ। ਅਕਸਰ ਇਹ ਮਿਆਦ ਇੱਕ ਸਾਲ ਹੁੰਦੀ ਹੈ, ਪਰ ਸਬੰਧਿਤ ਕਮਿਸ਼ਨ ਜਾਂ ਟ੍ਰਿਬਿਊਨਲ ਕੋਲੋਂ ਪੜਤਾਲ ਕਰੋ।

ਜੇ ਤੁਹਾਨੂੰ ਭੇਦਭਾਵ ਦਾ ਤਜ਼ਰਬਾ ਹੁੰਦਾ ਹੈ ਤਾਂ ਹੋ ਸਕਦਾ ਹੈ ਤੁਹਾਡੀ ਸਥਾਨਕ ਏਡਜ਼-ਸੇਵਾ ਸੰਸਥਾ ਤੁਹਾਡਾ ਸਮਰਥਨ ਕਰਨ ਦੇ ਯੋਗ ਹੋਵੇ। ਪਰ, ਜੇ ਤੁਹਾਨੂੰ ਆਪਣੀ ਵਿਸ਼ੇਸ਼ ਪ੍ਰਸਥਿਤੀ ਬਾਰੇ ਕਨੂੰਨੀ ਸਲਾਹ ਚਾਹੀਦੀ ਹੈ, ਤਾਂ ਤੁਹਾਨੂੰ ਕਿਸੇ ਵਕੀਲ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਵਧੇਰੇ ਜਾਣਕਾਰੀ ਵਾਸਤੇ

CATIE, *Managing your health: a guide for people living with HIV — Your healthcare team.* ਆਨਲਾਈਨ: http://www.catie.ca/en/practical-guides/managing-your-health/3

ਬ੍ਰਿਟਿਸ਼ ਕੋਲੰਬੀਆ ਸਿਵਲ ਲਿਬਰਟੀਜ਼ ਐਸੋਸੀਏਸ਼ਨ, *Privacy Handbook* ਆਨਲਾਈਨ: http://bccla.org/privacy-handbook

ਸੂਬਾਈ/ਖੇਤਰੀ ਸਰਕਾਰ ਦੀਆਂ ਵੈੱਬਸਾਈਟਾਂ ਉਹਨਾਂ ਕਨੂੰਨਾਂ ਬਾਰੇ ਜਾਣਕਾਰੀ, ਸਵਾਲ ਅਤੇ ਜਵਾਬ ਦਸਤਾਵੇਜ਼ ਅਤੇ ਬਰੌਸ਼ਰ ਪ੍ਰਦਾਨ ਕਰਾਉਂਦੀਆਂ ਹਨ ਜੋ ਸਿਹਤ ਜਾਣਕਾਰੀ ਦੀ ਰੱਖਿਆ ਕਰਦੇ ਹਨ। ਉਦਾਹਰਨ ਲਈ, ਦੇਖੋ, *Saskatchewan Health Information Protection Act* (http://www.health.gov.sk.ca/hipa), ਜਾਂ *Ontario Health Information Protection Act*(www.health.gov.on.ca> Legislation).

ਇਸ ਕਿਤਾਬਚੇ ਦੀ ਸਮੀਖਿਆ ਕਰਨ ਅਤੇ ਆਪਣੇ ਵਿਚਾਰ ਪ੍ਰਦਾਨ ਕਰਾਉਣ ਵਾਸਤੇ ਅਸੀਂ ਮਾਈਕਲ ਵੌਨ (BCCLA), ਲਿਜ਼ ਲਾਚਾਰਪੇਨ (COCQ-SIDA), ਰੀਨੀ ਲੈਂਗ (HALCO) ਮਾਊਡੇ ਪੈਰਾਸ (ਨਿੱਜੀ ਪ੍ਰੈਕਟਿਸ ਕਰਦੇ ਇੱਕ ਵਕੀਲ) ਦੇ ਅਹਿਸਾਨਮੰਦ ਹਾਂ।

**ਇਸ ਪ੍ਰਕਾਸ਼ਨਾ ਵਿਚਲੀ ਜਾਣਕਾਰੀ ਕਨੂੰਨ ਬਾਰੇ ਜਾਣਕਾਰੀ ਹੈ, ਪਰ ਇਹ ਕਨੂੰਨੀ ਸਲਾਹ ਨਹੀਂ ਹੈ। ਕਨੂੰਨੀ ਸਲਾਹ ਵਾਸਤੇ, ਕਿਰਪਾ ਕਰਕੇ ਆਪਣੇ ਖੇਤਰ ਵਿੱਚ ਕਿਸੇ ਵਕੀਲ ਨਾਲ ਸੰਪਰਕ ਕਰੋ।**

ਇਹ ਦਸਤਾਵੇਜ਼ ਕੈਨੇਡਾ ਵਿੱਚ HIV ਨਾਲ ਜੀਵਨ ਬਸਰ ਕਰ ਰਹੇ ਲੋਕਾਂ ਦੇ ਅਧਿਕਾਰਾਂ ਬਾਬਤ ਅੱਠ ਕਿਤਾਬਚਿਆਂ (ਅੰਗਰੇਜ਼ੀ ਅਤੇ ਫਰੈਂਚ ਵਿੱਚ) ਦੀ ਇੱਕ ਲੜੀ ਵਿੱਚ ਇੱਕ ਕਿਤਾਬਚੇ ਵਜੋਂ ਹੋਂਦ ਵਿੱਚ ਆਇਆ।

ਇਸ ਦਸਤਾਵੇਜ਼ ਦੀਆਂ ਕਾਪੀਆਂ Canadian HIV/AIDS Legal Network ਦੀ ਵੈੱਬਸਾਈਟwww.aidslaw.ca'ਤੇ ਉਪਲਬਧ ਹਨ। ਮੁੜ-ਪ੍ਰਕਾਸ਼ਨਾ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਪਰ ਕਾਪੀਆਂ ਨੂੰ ਵੇਚਿਆ ਨਹੀਂ ਜਾ ਸਕਦਾ, ਅਤੇ ਜਾਣਕਾਰੀ ਦੇ ਸਰੋਤ ਵਜੋਂ HIV/AIDS Legal Network ਦਾ ਜਿਕਰ ਕਰਨਾ ਲਾਜ਼ਮੀ ਹੈ। ਅਗਲੇਰੀ ਜਾਣਕਾਰੀ ਵਾਸਤੇ, ਲੀਗਲ ਨੈੱਟਵਰਕ ਨੂੰinfo@aidslaw.ca'ਤੇ ਸੰਪਰਕ ਕਰੋ।

**ਇਸ ਦਸਤਾਵੇਜ਼ ਦੇ ਸ਼ੁਰੂਆਤੀ ਅੰਗਰੇਜ਼ੀ ਅਤੇ ਫਰੈਂਚ ਸੰਸਕਰਣਾਂ ਨੂੰ ਪ੍ਰਕਾਸ਼ਿਤ ਕਰਨ ਵਾਸਤੇ ਫ਼ੰਡ ਸਹਾਇਤਾ ਕੈਨੇਡਾ ਦੇ ਜਨਤਕ ਸੇਹਤ ਅਦਾਰੇ ਦੁਆਰਾ ਪ੍ਰਦਾਨ ਕੀਤੀ ਗਈ ਸੀ। ਇਸ ਅਨੁਵਾਦ ਵਾਸਤੇ ਫ਼ੰਡ ਸਹਾਇਤਾ ਓਨਟਾਰੀਓ ਮਿਨਿਸਟਰੀ ਆਫ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਦੁਆਰਾ ਪ੍ਰਦਾਨ ਕੀਤੀ ਗਈ ਸੀ। ਪ੍ਰਗਟਾਏ ਗਏ ਨਜ਼ਰੀਏ ਲੇਖਕਾਂ/ਖੋਜਕਾਰਾਂ ਦੇ ਹਨ ਅਤੇ ਜ਼ਰੂਰੀ ਨਹੀਂ ਕਿ ਇਹ ਫ਼ੰਡ ਦੇਣ ਵਾਲਿਆਂ ਦੇ ਦ੍ਰਿਸ਼ਟੀਕੋਣਾਂ ਜਾਂ ਨੀਤੀਆਂ ਦੀ ਝਲਕ ਦਿੰਦੇ ਹੋਣ।**

© Canadian HIV/AIDS Legal Network, 2013